# ਸ਼੍ਰੇਣੀ - ਛੇਵੀਂ (ਪੰਜਾਬੀ)

| ਮਹੀਨਾ | ਪਾਠ ਦਾ ਨਾਂ | ਉਦੇਸ਼ | ਕਿਰਿਆਵਾਂ |
|---|---|---|---|
| ਅਪ੍ਰੈਲ | ਪਾਠ-1<br>ਤਿਰੰਗਾ (ਕਵਿਤਾ) | ਕਵਿਤਾ ਵਿਚਲੇ ਭਾਵ ਨੂੰ ਦਰਸਾਉਂਦੇ ਹੋਏ ਵਿਦਿਆਰਥੀਆਂ ਅੰਦਰ ਕਵਿਤਾ ਉਚਾਰਨ ਨੂੰ ਪੂਰੇ ਹਾਵ-ਭਾਵ ਨਾਲ ਕਰਨ ਦੇ ਯੋਗ ਬਣਾਉਣਾ | ਵਿਦਿਆਰਥੀਆਂ ਨੂੰ ਕਵਿਤਾ ਪੂਰੇ ਹਾਵ-ਭਾਵ ਅਨੁਸਾਰ ਸਹੀ ਉਚਾਰਣ ਨਾਲ ਯਾਦ ਕਰਵਾਉਣਾ ਅਤੇ ਬਾਲ ਸਭਾ ਵਿੱਚ ਗਾਉਣ ਲਈ ਪ੍ਰੇਰਿਤ ਕਰਨਾ। |
| | ਪਾਠ-2<br>ਆਪਣੇ-ਆਪਣੇ ਥਾਂ ਸਾਰੇ ਚੰਗੇ | ਨਿਮਰਤਾ ਅਤੇ ਸਹਿਨਸ਼ੀਲਤਾ ਦੀ ਭਾਵਨਾ ਪੈਦਾ ਕਰਦੇ ਹੋਏ ਲੇਖਣੀ ਨੂੰ ਪਕੇਰਾ ਕਰਨਾ। | ਪਾਠ ਵਿੱਚ ਆਈਆਂ ਵਸਤੂਆਂ ਦੇ ਗੁਣਾਂ ਦੀ ਅਹਿਮੀਅਤ ਬਾਰੇ ਲਿਖਵਾਉਣਾ। |
| | ਪਾਠ-3<br>ਮਹਾਤਮਾ ਗਾਂਧੀ | ਮਹਾਤਮਾ ਗਾਂਧੀ ਜੀ ਦੇ ਜੀਵਨ ਤੋਂ ਪ੍ਰੇਰਨਾ ਦੇ ਕੇ ਵਿਦਿਆਰਥੀਆਂ ਅੰਦਰ ਸੂਹਜ ਪ੍ਰਾਪਤੀ ਦੀ ਭਾਵਨਾ ਪੈਦਾ ਕਰਨੀ। | ਵਿਦਿਆਰਥੀਆਂ ਨੂੰ ਮਹਾਤਮਾ ਗਾਂਧੀ ਜੀ ਦੇ ਤਿੰਨ ਬਾਂਦਰਾਂ ਦੀਆਂ ਮੂਰਤੀਆਂ ਦਾ ਰੂਪ ਧਾਰਨ ਅਤੇ ਸਿੱਖਿਆ ਉਚਾਰਨ ਲਈ ਕਹਿਣਾ। |
| | **ਲੇਖ**<br>ਮੇਰੇ ਮਾਤਾ ਜੀ | ਵਿਦਿਆਰਥੀਆਂ ਵਿੱਚ ਲਿਖਣ ਦੀ ਰੁਚੀ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਉਹਨਾਂ ਦੀ ਰੁਚੀ ਅਨੁਸਾਰ ਕਿਸੇ ਵਿਸ਼ੇ ਤੇ ਲਿਖਣ ਲਈ ਕਹਿਣਾ। |
| | **ਪੱਤਰ**<br>ਸਕੂਲ ਵਿੱਚ ਦਾਖ਼ਲ ਹੋਣ ਲਈ ਬਿਨੈ-ਪੱਤਰ<br>ਜ਼ਰੂਰੀ ਕੰਮ ਦੀ ਛੁੱਟੀ ਲੈਣ ਲਈ ਬਿਨੈ-ਪੱਤਰ | ਵਿਵਹਾਰਕ ਜ਼ਿੰਦਗੀ ਵਿੱਚ ਬਿਨੈ-ਪੱਤਰ ਲਿਖਣਯੋਗ ਬਣਾਉਣਾ। | ਪੱਤਰ ਦੇ ਵੱਖ-ਵੱਖ ਭਾਗਾਂ ਦਾ ਅਭਿਆਸ ਕਰਨ ਲਈ ਕਹਿਣਾ। |
| | **ਵਿਆਕਰਣ**<br>ਵਿਆਕਰਣ ਦੀ ਪਰਿਭਾਸ਼ਾ, ਬੋਲੀ ਦੀ ਪਰਿਭਾਸ਼ਾ ਅਤੇ ਕਿਸਮਾਂ, ਲਿਪੀ ਦੀ ਪਰਿਭਾਸ਼ਾ ਅਤੇ ਕਿਸਮਾਂ, ਲਗਾਂ ਅਤੇ | ਸ਼ੁੱਧ ਭਾਸ਼ਾ ਲਿਖਣ ਅਤੇ ਬੋਲਣ ਲਈ ਬਣਾਏ ਨਿਯਮਾਂ ਬਾਰੇ ਜਾਣਕਾਰੀ ਦੇਣਾ ਅਤੇ ਵਿਆਕਰਨ ਦੀ ਸਹੀ ਵਰਤੋਂ ਕਰਨ ਦੇ ਯੋਗ ਬਣਾਉਣਾ। | ਉਚਿਤ ਉਦਾਹਰਣਾਂ ਦੀ ਸਹਾਇਤਾ ਨਾਲ ਤੱਥਾਂ ਨੂੰ ਸਮਝਾਉਣਾ। |

| | | | |
|---|---|---|---|
| | ਲਗਾਖ਼ਰ | | |
| ਮਈ | ਪਾਠ-4<br>ਦੇਸ਼ ਪੰਜਾਬ (ਕਵਿਤਾ) | ਕਵਿਤਾ ਨੂੰ ਪੂਰਨ ਹਾਵ-ਭਾਵ ਅਨੁਸਾਰ ਪੜ੍ਹਾਉਣਾ, ਪੰਜਾਬ ਅਤੇ ਪੰਜਾਬੀ ਸੱਭਿਆਚਾਰ ਦੇ ਪਹਿਲੂਆਂ ਨੂੰ ਜਾਨਣ ਦੇ ਯੋਗ ਬਣਾਉਣਾ। | ਪੰਜਾਬ ਦੇ ਦਰਿਆਵਾਂ ਦੀ ਸੂਚੀ ਅਤੇ ਨਿਖੜਵੇਂ ਵਿਸ਼ੇਸ਼ ਸੱਭਿਆਚਾਰਕ ਤੱਥਾਂ ਦੀ ਸੂਚੀ ਬਣਾਉਣਾ। |
| | ਪਾਠ-5<br>ਲਿਫਾਫੇ | ਸਮਾਜਿਕ/ਵਾਤਾਵਰਣਿਕ ਸਮੱਸਿਆਵਾਂ ਪ੍ਰਤੀ ਲੇਖਣੀ ਨੂੰ ਪ੍ਰਬਲ ਕਰਨਾ। | ਅਜਿਹੀ ਸਮੱਸਿਆ ਨਾਲ ਸਬੰਧਤ ਨਿੱਜੀ ਜੀਵਨ ਵਿਚਲੀ ਵਾਪਰੀ ਘਟਨਾ ਬਾਰੇ ਲਿਖਵਾਉਣਾ। |
| | ਪਾਠ-6<br>ਬਾਬਾ ਬੁੱਢਾ ਜੀ | ਸੂਝ ਤੇ ਦਲੀਲ ਭਰਪੂਰ ਵਿਚਾਰਾਂ ਨੂੰ ਲਿਖਣ ਦੀ ਯੋਗਤਾ ਪੈਦਾ ਕਰਨਾ। | ਨੇੜੇ ਦੇ ਜਾਨਣ ਵਾਲੇ ਕਿਸੇ ਧਾਰਮਿਕ ਵਿਅਕਤੀ/ਬਜ਼ੁਰਗਾਂ ਦੇ ਜੀਵਨ ਜਾਂ ਘਟਨਾ ਬਾਰੇ ਲਿਖਣ ਜਾਂ ਸੁਣਾਉਣ ਲਈ ਕਹਿਣਾ। |
| | **ਲੇਖ**<br>ਸਾਡੇ ਪਿੰਡ<br>ਮੇਰਾ ਮਨਭਾਉਂਦਾ ਅਧਿਆਪਕ | ਵਿਦਿਆਰਥੀਆਂ ਵਿੱਚ ਮੌਲਿਕ ਲੇਖਣੀ ਦੀ ਯੋਗਤਾ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਪਸੰਦੀਦਾ ਵਿਸ਼ੇ ਤੇ ਮੌਲਿਕ ਵਿਚਾਰ ਲਿਖਣ ਲਈ ਕਹਿਣਾ। |
| | **ਪੱਤਰ**<br>ਬੀਮਾਰੀ ਦੀ ਛੁੱਟੀ ਲਈ ਮੁੱਖ ਅਧਿਆਪਕ ਜੀ ਨੂੰ ਬਿਨੈ-ਪੱਤਰ | ਵਿਹਾਰਕ ਜ਼ਿੰਦਗੀ ਵਿੱਚ ਬਿਨੈ-ਪੱਤਰ ਲਿਖਣ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਤ ਪੱਤਰ ਲਿਖਣ ਦਾ ਅਭਿਆਸ ਕਰਾਉਣਾ। |
| | **ਕਹਾਣੀ**<br>ਸਿਆਣਾ ਕਾਂ | ਵਿਦਿਆਰਥੀਆਂ ਅੰਦਰ ਇਕਾਗਰ ਚਿੱਤ ਹੋ ਕੇ ਸੁਣਨ ਸਮਰੱਥਾ ਦੇ ਗੁਣਾਂ ਦਾ ਵਿਕਾਸ ਕਰਨਾ। | ਕੋਈ ਹੋਰ ਕਹਾਣੀ ਸੁਣਾਉਣ ਲਈ ਕਹਿਣਾ। |
| | **ਵਿਆਕਰਣ:**<br>ਨਾਂਵ-ਪਰਿਭਾਸ਼ਾ ਅਤੇ ਕਿਸਮਾਂ, ਸੂਰ, ਵਿਅੰਜਨ, ਦੁੱਤ ਅੱਖ਼ਰ | ਵਿਦਿਆਰਥੀਆਂ ਅੰਦਰ ਸ਼ੁੱਧ ਲੇਖਣੀ/ਨਿਯਮਾਂ ਦੇ ਗਿਆਨ ਨੂੰ ਪਕੇਰਾ ਕਰਨਾ। | ਉਚਿੱਤ ਉਦਾਹਰਣਾਂ ਦੀ ਸਹਾਇਤਾ ਨਾਲ ਅਭਿਆਸ ਕਰਾਉਣਾ। |
| ਜੁਲਾਈ | ਪਾਠ-7<br>ਬਸੰਤ (ਕਵਿਤਾ) | ਬਸੰਤ ਰੁੱਤ ਦੀ ਮਹੱਤਤਾ ਦੱਸਦੇ ਹੋਏ ਵਿਦਿਆਰਥੀਆਂ ਅੰਦਰ ਕਾਵਿਕ ਗੁਣ ਭਰਨੇ। | ਵਿਦਿਆਰਥੀਆਂ ਨੂੰ ਕਵਿਤਾ ਜ਼ੁਬਾਨੀ ਯਾਦ ਕਰਵਾਉਣਾ ਅਤੇ ਸਕੂਲ ਦੀ ਬਾਲ ਸਭਾ ਵਿੱਚ |

| | | | |
|---|---|---|---|
| | | | ਗਾਉਣ ਲਈ ਪ੍ਰੇਰਨਾ। |
| | ਪਾਠ–8<br>ਸਾਰਾ ਜੱਗ ਨਹੀਂ ਜਿੱਤਿਆ ਜਾਂਦਾ | ਵਿਦਿਆਰਥੀਆਂ ਨੂੰ ਲਾਈ–ਲੱਗ ਨਾ ਬਣ ਕੇ ਸਮਾਜ ਵਿੱਚ ਸੂਝ ਨਾਲ ਵਿਚਰਨ ਦੀ ਯੋਗਤਾ ਪੈਦਾ ਕਰਦੇ ਹੋਏ ਲਿਖਣ ਕੌਸ਼ਲਾਂ ਦਾ ਵਿਕਾਸ ਕਰਨਾ। | ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਦੀ ਕੋਈ ਹੋਰ ਸੁਣੀ ਜਾਂ ਦੇਖੀ ਹੋਈ ਕਹਾਣੀ ਲਿਖਣ ਲਈ ਕਹਿਣਾ। |
| | ਪਾਠ–9<br>ਥਾਲ | ਵਿਦਿਆਰਥੀਆਂ ਨੂੰ ਪੰਜਾਬ ਦੀ ਪੁਰਾਤਨ ਖੇਡ ਥਾਲ ਤੋਂ ਜਾਣੂੰ ਕਰਵਾਉਂਦੇ ਹੋਏ ਸੁਣਨ/ਲਿਖਣ ਕੌਸ਼ਲਾਂ ਦਾ ਵਿਕਾਸ ਕਰਨਾ। | ਵਿਦਿਆਰਥੀਆਂ ਨੂੰ ਲੋਕ ਖੇਡਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਕਹਿਣਾ ਜਾਂ ਥਾਲ ਖੇਡ ਸਕੂਲ ਵਿੱਚ ਖਿਡਾਉਣੀ। |
| | **ਲੇਖ**<br>ਮੇਰਾ ਸਕੂਲ<br>ਸਵੇਰ ਦੀ ਸੈਰ | ਵਿਦਿਆਰਥੀਆਂ ਵਿੱਚ ਲਿਖਣ ਯੋਗਤਾਵਾਂ ਦਾ ਵਿਕਾਸ ਕਰਨਾ। | ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਅਨੁਸਾਰ ਕਿਸੇ ਵਿਸ਼ੇ ਤੇ ਕੁੱਝ ਸਤਰਾਂ ਲਿਖਣ ਲਈ ਕਹਿਣਾ। |
| | **ਪੱਤਰ**<br>ਜੁਰਮਾਨਾ ਮੁਆਫ਼ੀ ਲਈ ਬਿਨੈ–ਪੱਤਰ | ਵਿਹਾਰਕ ਜ਼ਿੰਦਗੀ ਵਿੱਚ ਬਿਨੈ–ਪੱਤਰ ਲਿਖਣ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸੰਬੰਧਤ ਪੱਤਰ ਲਿਖਣ ਦਾ ਅਭਿਆਸ ਕਰਾਉਣਾ। |
| | **ਕਹਾਣੀ**<br>ਦਰਜ਼ੀ ਅਤੇ ਹਾਥੀ | ਵਿਦਿਆਰਥੀਆਂ ਵਿੱਚ ਸੁਣਨ ਯੋਗਤਾ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਕਿਸੇ ਹੋਰ ਸੁਣੀ ਕਹਾਣੀ ਨੂੰ ਲਿਖਣ ਲਈ ਕਹਿਣਾ। |
| | **ਵਿਆਕਰਨ**<br>ਵਿਸ਼ੇਸ਼ਣ ਅਤੇ ਪੜ੍ਹਨਾਂਵ ਦੀ ਪਰਿਭਾਸ਼ਾ ਅਤੇ ਕਿਸਮਾਂ | ਵਿਦਿਆਰਥੀਆਂ ਅੰਦਰ ਸ਼ੁੱਧ ਲੇਖਣੀ/ਨਿਯਮਾਂ ਦੇ ਗਿਆਨ ਨੂੰ ਪਕੇਰਾ ਕਰਨਾ। | ਉਚਿੱਤ ਉਦਾਹਰਣਾਂ ਦੀ ਸਹਾਇਤਾ ਨਾਲ ਅਭਿਆਸ ਕਰਾਉਣਾ। |
| ਅਗਸਤ | ਪਾਠ–10<br>ਕੀੜੀ (ਕਵਿਤਾ) | ਕਵਿਤਾ ਵਿਚਲੇ ਭਾਵ ਨੂੰ ਦਰਸਾਉਂਦੇ ਹੋਏ ਵਿਦਿਆਰਥੀਆਂ ਅੰਦਰ ਕਵਿਤਾ ਉਚਾਰਨ ਨੂੰ ਪੂਰੇ ਹਾਵ–ਭਾਵ ਨਾਲ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਕਵਿਤਾ ਪੂਰੇ ਹਾਵ–ਭਾਵ ਅਨੁਸਾਰ ਸਹੀ ਉਚਾਰਣ ਨਾਲ ਯਾਦ ਕਰਵਾਉਣਾ ਅਤੇ ਬਾਲ ਸਭਾ ਵਿੱਚ ਗਾਉਣ ਲਈ ਪ੍ਰੇਰਿਤ ਕਰਨਾ। |
| | ਪਾਠ–11<br>ਦਾਤੇ | ਵਿਦਿਆਰਥੀਆਂ ਨੂੰ ਘਰ ਦੀ ਆਰਥਿਕ ਸਥਿਤੀ ਨੂੰ ਸਮਝਣ ਲਈ | ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜੀਵਨ ਅਨੁਭਵ ਦੇ ਅਧਾਰ ਤੇ |

| | | | |
|---|---|---|---|
| | | ਪ੍ਰੇਰਿਤ ਕਰਦੇ ਹੋਏ ਸੁਣਨ/ਲਿਖਣ ਕੌਸ਼ਲਾਂ ਦਾ ਵਿਕਾਸ ਕਰਨਾ। | ਅਜਿਹੀ ਰਲਦੀ ਮਿਲਦੀ ਕਹਾਣੀ ਜਾਂ ਘਟਨਾ ਬਾਰੇ ਲਿਖਣ ਲਈ ਕਹਿਣਾ। |
| | ਪਾਠ-12<br>ਪਹਿਲ (ਕਵਿਤਾ) | ਵਿਦਿਆਰਥੀਆਂ ਨੂੰ ਸੁਸਤੀ ਛੱਡ ਕੇ ਪਹਿਲ-ਕਦਮੀ ਕਰਨ ਲਈ ਪ੍ਰੇਰਦੇ ਹੋਏ ਕਾਵਿਕ ਗੁਣਾਂ ਦਾ ਵਿਕਾਸ ਕਰਨਾ। | ਵਿਦਿਆਰਥੀਆਂ ਨੂੰ ਕਵਿਤਾ ਯਾਦ ਕਰਨ ਲਈ ਪ੍ਰੇਰਨਾ ਅਤੇ ਸਵੇਰ ਦੀ ਸਭਾ ਵਿੱਚ ਬੋਲਣ ਲਈ ਤਿਆਰ ਕਰਨਾ। |
| | <u>ਲੇਖ</u><br>ਸ਼ਹੀਦ ਭਗਤ ਸਿੰਘ | ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਦੇ ਹੋਏ ਲੇਖਣੀ ਨੂੰ ਪਕੇਰਾ ਕਰਨਾ। | ਸ਼ਹੀਦ ਭਗਤ ਸਿੰਘ ਬਾਰੇ ਰੋਲ-ਪਲੇਅ/ਨਾਟਕ ਤਿਆਰ ਕਰਵਾਉਣਾ। |
| | <u>ਪੱਤਰ</u><br>ਅੱਧੇ ਦਿਨ ਦੀ ਛੁੱਟੀ ਲਈ ਬਿਨੈ-ਪੱਤਰ<br>ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ | ਵਿਹਾਰਕ ਜ਼ਿੰਦਗੀ ਵਿੱਚ ਬਿਨੈ-ਪੱਤਰ ਲਿਖਣ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸਬੰਧਤ ਪੱਤਰ ਲਿਖਣ ਦਾ ਅਭਿਆਸ ਕਰਾਉਣਾ। |
| | <u>ਕਹਾਣੀ</u><br>ਏਕਤਾ ਵਿੱਚ ਬਲ ਹੈ। | ਵਿਦਿਆਰਥੀਆਂ ਅੰਦਰ ਸੁਣਨ ਕੌਸ਼ਲਾਂ ਦਾ ਵਿਕਾਸ ਕਰਨਾ। | ਵਿਦਿਆਰਥੀਆਂ ਨੂੰ ਕਿਸੇ ਹੋਰ ਸੁਣੀ ਕਹਾਣੀ ਜਾਂ ਘਟਨਾ ਨੂੰ ਬਿਆਨ ਕਰਨ ਲਈ ਕਹਿਣਾ। |
| | <u>ਮੁਹਾਵਰੇ</u><br>01 ਤੋਂ 20 ਤੱਕ | ਵਿਹਾਰਕ ਜ਼ਿੰਦਗੀ ਵਿੱਚ ਮੁਹਾਵਰਿਆਂ ਨੂੰ ਵਰਤਣ ਦੀ ਯੋਗਤਾ ਪੈਦਾ ਕਰਨਾ। | ਸੰਬੰਧਤ ਮੁਹਾਵਰਿਆਂ ਦੇ ਹੋਰ ਮੌਲਿਕ ਵਾਕ ਬਣਾਉਣ ਲਈ ਪ੍ਰੇਰਿਤ ਕਰਨਾ। |
| | ਕਿਰਿਆ ਪਰਿਭਾਸ਼ਾ ਅਤੇ ਕਿਸਮਾਂ | ਵਿਦਿਆਰਥੀਆਂ ਦੇ ਸ਼ਬਦ ਗਿਆਨ ਭੰਡਾਰ ਵਿੱਚ ਵਾਧਾ ਕਰਨਾ | ਉਚਿੱਤ ਉਦਾਹਰਣਾਂ ਦੀ ਸਹਾਇਤਾ ਨਾਲ ਅਭਿਆਸ ਕਰਵਾਉਣਾ। |
| ਸਤੰਬਰ | | ਦੁਹਰਾਈ ਅਤੇ ਐਸ.ਏ.-1 | |
| ਅਕਤੂਬਰ | ਪਾਠ - 13<br>**ਭਗਤ ਕਬੀਰ ਜੀ** | **ਵਿਦਿਆਰਥੀਆਂ ਨੂੰ ਕਬੀਰ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਉਹਨਾਂ ਜਿਹੇ ਉੱਚ ਗੁਣਾਂ ਦੇ ਧਾਰਨੀ ਬਣਨ ਲਈ ਪ੍ਰੇਰਨਾ ਦੇਣਾ।** | **ਕਬੀਰ ਜੀ ਦੇ ਮਸ਼ਹੂਰ ਦੋਹੇ ਲਿਖ ਕੇ ਲਿਆਉਣ ਲਈ ਕਿਹਾ ਜਾਵੇ ਅਤੇ ਦੋਹੇ ਕੰਠ ਕਰਕੇ ਜਮਾਤ ਵਿੱਚ ਮੁਕਾਬਲਾ ਕਰਵਾਇਆ ਜਾਵੇ।** |

| | | | |
|---|---|---|---|
| | ਪਾਠ - 14<br>ਆਲੋਕ ਸੁਖੀ, ਗੁਆਂਢੀ ਦੁਖੀ! ਨਾਂ ਬਈ ਨਾ! | ਵਿਦਿਆਰਥੀਆਂ ਅੰਦਰ ਚੰਗੇ ਸਮਾਜਿਕ ਗੁਣ, ਦੂਜਿਆਂ ਦੇ ਦੁੱਖ- ਸੁੱਖ ਦਾ ਖਿਆਲ ਹਮਦਰਦੀ, ਸੇਵਾ ਭਾਵ ਦੇ ਗੁਣਾਂ ਨੂੰ ਅਪਨਾਉਣ ਦੇ ਯੋਗ ਬਣਾਉਣਾ | ਵਿਦਿਆਰਥੀਆਂ ਕੋਲੋਂ ਆਪਣੇ ਦਾਦਾ-ਦਾਦੀ ਦੀ ਸੇਵਾ ਜਾਂ ਤੰਗ ਕਰਨ ਦੀ ਘਟਨਾ ਦੀ ਦਲੀਲ ਭਰਪੂਰ ਵਿਆਖਿਆ ਕਰਨਾ। |
| | ਪਾਠ-15<br>ਤਿੰਨ ਇਨਕਲਾਬੀ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ। | ਦੇਸ਼ ਭਗਤੀ ਦੇ ਜ਼ਜ਼ਬੇ ਸਬੰਧੀ ਪ੍ਰੇਰਨਾ ਦਿੰਦੇ ਹੋਏ ਅਜ਼ਾਦੀ ਲਈ ਇਨਕਲਾਬੀਆਂ ਦੇ ਜੀਵਨ ਤੋਂ ਸਿੱਖਿਆ ਪ੍ਰਾਪਤ ਕਰਨਾ | ਸ਼ਹੀਦਾਂ ਦੇ ਜੀਵਨ-ਘਟਨਾਵਾਂ ਵਿੱਚੋਂ ਕਿਸੇ ਘਟਨਾਂ ਦਾ ਨਾਟਕੀ ਰੂਪਾਂਤਰ ਕਰਵਾਉਣਾ। |
| | ਲੇਖ- ਦੁਸ਼ਹਿਰਾ | ਵਿਦਿਆਰਥੀਆਂ ਅੰਦਰ ਨੇਕੀ ਦੀ ਬਦੀ ਤੇ ਜਿੱਤ ਨੂੰ ਦਰਸਾਉਂਦਿਆਂ ਸਚਾਈ ਦੀ ਜਿੱਤ ਦੀ ਭਾਵਨਾ ਨੂੰ ਪ੍ਰਬਲ ਕਰਨਾ। | ਦੁਸ਼ਹਿਰੇ ਸਬੰਧੀ ਖੇਤਰੀ ਮੇਲਿਆਂ ਦੀਆਂ ਤਸਵੀਰਾਂ ਇਕੱਤਰ ਕਰਵਾਉਂਣੀਆਂ। |
| | ਪੱਤਰ- ਚਾਚਾ ਜੀ ਵੱਲੋਂ ਜਨਮ ਦਿਨ ਦੇ ਤੋਹਫੇ ਲਈ ਧੰਨਵਾਦ ਪੱਤਰ। | ਵਿਦਿਆਰਥੀਆਂ ਨੂੰ ਵਿਹਾਰਿਕ ਜ਼ਿੰਦਗੀ ਵਿੱਚ ਪੱਤਰ ਲਿਖਣ ਦੇ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਪੱਤਰ- ਸੈਕਸ਼ਨ ਬਦਲਣ ਲਈ ਮੁੱਖ ਅਧਿਆਪਕ ਜੀ ਨੂੰ ਬਿਨੈ ਪੱਤਰ। | ਵਿਹਾਰਕ ਜ਼ਿੰਦਗੀ ਵਿੱਚ ਪੱਤਰ ਲਿਖਣ ਦੇ ਯੋਗ ਬਣਾਉਣਾ। | ਹੋਰ ਵਿਸ਼ਿਆਂ ਦੇ ਨਾਲ ਸਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਵਿਆਕਰਨ: ਬਹੁ-ਅਰਥਕ ਸ਼ਬਦ। | ਵਿਦਿਆਰਥੀਆਂ ਦੀ ਸ਼ਬਦਾਵਲੀ ਵਿੱਚ ਵਾਧਾ ਕਰਦੇ ਹੋਏ ਸ਼ਬਦਾਂ ਦੇ ਨਵੇਂ-ਨਵੇਂ ਅਰਥਾਂ ਤੋਂ ਜਾਣੂ ਕਰਵਾਉਣਾ। | ਵੱਖ-ਵੱਖ ਵਸਤੂਆਂ ਜਾਂ ਸਥਿਤੀਆਂ ਰਾਹੀਂ ਅਰਥ ਸਪਸ਼ਟ ਕਰਨਾ। |
| | ਸਮਾਨਾਰਥਕ ਸ਼ਬਦ | ਸ਼ਬਦਾਵਲੀ ਦੇ ਗਿਆਨ ਵਿੱਚ ਵਾਧਾ ਕਰਦੇ ਹੋਏ ਸ਼ਬਦਾਂ ਦੇ ਅਰਥ ਪੱਖੋਂ ਗਿਆਨ ਨੂੰ ਸਥਾਈ ਕਰਨਾ। | ਪਾਣੀ, ਅਕਸ਼ ਆਦਿ ਹੋਰ ਸੰਭਵ ਉਦਾਹਰਣਾਂ ਪੇਸ਼ ਕਰਕੇ ਵਿਦਿਆਰਥੀਆਂ ਕੋਲੋਂ ਬਲੈਕ ਬੋਰਡ ਤੇ ਇਹਨਾਂ ਦੇ ਵੱਖ-ਵੱਖ ਨਾਵਾਂ ਦੀ ਸੂਚੀ ਬਨਾਉਣਾ। |
| ਨਵੰਬਰ | ਪਾਠ-16 | ਵਿਸਾਖੀ ਦੇ ਮੇਲੇ ਦਾ ਵਰਨਣ ਕਰਦੇ | ਕਿਸੇ ਅੱਖੀ ਦੇਖੇ ਮੇਲੇ ਦਾ ਹਾਲ |

| | | | |
|---|---|---|---|
| | ਵਿਸਾਖੀ ਦਾ ਮੇਲਾ | ਹੋਏ ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਤੋਂ ਜਾਣੂ ਕਰਵਾਉਣਾ। | ਲਿਖਣ ਲਈ ਕਹਿਣਾ। |
| | ਪਾਠ-17<br>ਝੀਲ, ਪਸ਼ੂ-ਪੰਛੀ ਅਤੇ ਬੱਚੇ। | ਵਿਦਿਆਰਥੀਆਂ ਅੰਦਰ ਆਪਣੇ ਆਲੇ-ਦੁਆਲੇ ਵਿਚਰਨ ਵਾਲੇ ਪੰਛੀਆਂ ਲਈ ਸਨੇਹੇ, ਦੇਖਭਾਲ, ਸਾਂਝ ਦੀ ਭਾਵਨਾ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਕਿਸੇ ਨੇੜੇ ਸੰਭਵ ਸਥਾਨ ਅਤੇ ਝੀਲ ਦੀ ਸੈਰ ਕਰਵਾਈ ਜਾਵੇ, ਜਿੱਥੇ ਪੰਛੀਆਂ ਦੀ ਆਮਦ ਹੋਵੇ। |
| | ਪਾਠ-18<br>ਸੜਕੀ ਦੁਰਘਟਨਾ ਤੋਂ ਬਚਾਅ | ਵਿਦਿਆਰਥੀਆਂ ਅੰਦਰ ਸੜ੍ਹਕ ਸੁਰੱਖਿਆ ਨਿਯਮਾਂ ਦੀ ਪਾਲਣਾਂ ਅਤੇ ਵਿਹਾਰਕ ਜ਼ਿੰਦਗੀ ਵਿੱਚ ਇਹਨਾਂ ਨਿਯਮਾਂ ਦੀ ਲੋੜ ਨੂੰ ਉਜਾਗਰ ਕਰਨਾ | ਸੜਕੀ ਦੁਰਘਟਨਾਵਾਂ ਤੋਂ ਬਚਾਅ ਲਈ ਸਰਕਾਰ ਦੁਆਰਾ ਕੀਤੇ ਉਪਰਾਲਿਆਂ ਦੀ ਸੂਚੀ ਬਣਾਉਣਾ। ਨਾਟਕੀ ਢੰਗ ਨਾਲ ਯਾਤਾਯਾਤ ਦੇ ਨਿਯਮ ਸਮਝਾਏ ਜਾਣ। |
| | ਲੇਖ – ਦਿਵਾਲੀ | ਵਿਦਿਆਰਥੀਆਂ ਨੂੰ ਦੀਵਾਲੀ ਦੇ ਇਤਿਹਾਸ ਬਾਰੇ ਜਾਣੂ ਕਰਵਾਉਣਾ। | ਦੀਵਾਲੀ ਨਾਲ ਸਬੰਧਿਤ ਪ੍ਰਚਲਿਤ ਚੰਗੀਆਂ ਅਤੇ ਬੁਰੀਆਂ ਗੱਲਾਂ ਦਾ ਨਿਖੇੜਾ ਕਰਵਾਉਣਾ। |
| | ਲੇਖ: ਸ੍ਰੀ ਗੁਰੂ ਨਾਨਕ ਦੇਵ ਜੀ | ਵਿਦਿਆਰਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਹਨਾਂ ਦੁਆਰਾ ਦਿੱਤੀ ਗਈ ਸਿੱਖਿਆ ਨੂੰ ਧਾਰਨ ਕਰਣ ਦੇ ਯੋਗ ਬਣਾਉਣਾ। | ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਿਤ ਸੁਣੀ ਸਾਖੀ ਬਾਰੇ ਲਿਖਣ ਲਈ ਕਹਿਣਾ। |
| | ਪੱਤਰ:- ਦੋਸਤ ਦੇ ਪ੍ਰੀਖਿਆ ਪਾਸ ਹੋਣ ਤੇ ਵਧਾਈ ਪੱਤਰ। | ਵਿਹਾਰਕ ਜ਼ਿੰਦਗੀ ਵਿੱਚ ਪੱਤਰ ਲਿਖਣ ਦੀ ਕਾਬਲੀਅਤ ਪੈਦਾ ਕਰਨੀ। | ਹੋਰ ਵਿਸ਼ਿਆਂ ਦੇ ਨਾਲ ਸਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਵਿਆਕਰਨ: ਵਿਰੋਧਾਰਥਕ ਸ਼ਬਦ। | ਸ਼ਬਦਾਂ ਦੇ ਉਲਟ ਭਾਵੀ ਸ਼ਬਦ ਅਰਥਾਂ ਰਾਹੀਂ ਸ਼ਬਦ ਭੰਡਾਰ ਵਿੱਚ ਵਾਧਾ ਕਰਨਾ | ਵਿਦਿਆਰਥੀਆਂ ਦੇ ਸਹਿਯੋਗ ਨਾਲ ਸੂਚੀ ਬਣਾ ਕੇ ਵਿਰੋਧੀ ਸ਼ਬਦਾਂ ਦੀ ਰਚਨਾ ਕਰਨਾ। |
| | ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ। | ਵਿਦਿਆਰਥੀਆਂ ਅੰਦਰ ਢੁੱਕਵੀਂ ਸ਼ਬਦਾਵਲੀ ਅਤੇ ਸੰਖੇਪਤਾ ਦੇ ਗੁਣਾਂ ਨੂੰ ਵਿਕਸਿਤ ਕਰਨਾ। | ਬਲੈਕ ਬੋਰਡ ਜਾਂ ਤਸਵੀਰਾਂ ਰਾਹੀਂ, ਭਾਸ਼ਾ ਖੰਡਾਂ ਦੀ ਵਰਤੋਂ ਨਾਲ ਵਿਦਿਆਰਥੀਆਂ ਦੀ ਅਨੁਕਿਰਿਆਂ ਪ੍ਰਾਪਤ ਕਰਨੀ। |

| | | | |
|---|---|---|---|
| ਦਸੰਬਰ | ਪਾਠ-19<br>ਤਿੰਨ ਸਵਾਲ | ਵਿਦਿਆਰਥੀਆਂ ਅੰਦਰ ਸਮੇਂ ਦੀ ਸੰਭਾਲ, ਉਚਿਤ ਵਰਤੋਂ ਲਈ ਅਨੁਸ਼ਾਸਨ ਦੇ ਭਾਵਾਂ ਨੂੰ ਵਿਕਸਿਤ ਕਰਨਾ। | ਵਿਦਿਆਰਥੀਆਂ ਨੂੰ ਦਿਨ ਭਰ ਦੀਆਂ ਗਤੀਵਿਧੀਆਂ ਦੀ ਇੱਕ ਸਮਾਂ ਸਾਰਣੀ ਤਿਆਰ ਕਰਨ ਲਈ ਕਿਹਾ ਜਾਵੇ। |
| | ਪਾਠ-20<br>ਧਰਤੀ ਦਾ ਗੀਤ | ਕਵਿਤਾ ਵਿਚਲੇ ਭਾਵ ਨੂੰ ਦਰਸਾਉਂਦੇ ਹੋਏ ਵਿਦਿਆਰਥੀਆਂ ਅੰਦਰ ਕਵਿਤਾ ਉਚਾਰਨ ਨੂੰ ਪੂਰੇ ਹਾਵ-ਭਾਵ ਨਾਲ ਕਰਨ ਦੇ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਕਵਿਤਾ ਪੂਰੇ ਹਾਵ-ਭਾਵ ਅਨੁਸਾਰ ਸਹੀ ਉਦਾਹਰਨ ਨਾਲ ਯਾਦ ਕਰਵਾਉਣਾ ਅਤੇ ਬਾਲ ਸਭਾ ਵਿੱਚ ਗਾਉਣ ਲਈ ਪ੍ਰੇਰਨਾ। |
| | ਪਾਠ- 21<br>ਪਿੰਡ ਇਉਂ ਬੋਲਦੈ | ਪੇਂਡੂ ਸਭਿਆਚਾਰ ਬਾਰੇ ਅਤੇ ਪਿੰਡਾਂ ਦੀ ਬਣਤਰ ਅਤੇ ਰਹਿਣ-ਸਹਿਣ ਬਾਰੇ ਜਾਣਕਾਰੀ ਦੇਣਾ। | ਵਿਦਿਆਰਥੀਆਂ ਤੋਂ ਉਹਨਾਂ ਦੇ ਪਿੰਡ ਦੀਆਂ ਵਿਸ਼ੇਸਤਾਵਾਂ ਲਿਖਣ ਲਈ ਕਹਿਣਾ। |
| | ਲੇਖ : ਅਤਿ ਸਰਦੀ ਦਾ ਇੱਕ ਦਿਨ। | ਵਿਦਿਆਰਥੀਆਂ ਨੂੰ ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਲਿਖਣ ਯੋਗ ਬਣਾਉਣਾ। | ਵਿਦਿਆਰਥੀਆਂ ਤੋਂ ਅਜਿਹੇ ਕਿਸੇ ਹੋਰ ਅਨੁਭਵ ਬਾਰੇ ਪੁੱਛਣਾ ਜਾਂ ਲਿਖਵਾਓਣਾ। |
| | ਪੱਤਰ : ਦੋਸਤ ਦੇ ਜਨਮ ਦਿਨ ਤੇ ਵਧਾਈ ਪੱਤਰ। | ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਲਿਖਣ ਦੇ ਕਾਬਿਲ ਬਣਾਉਣਾ। | ਹੋਰ ਵਿਸ਼ਿਆ ਦੇ ਨਾਲ ਸਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। |
| | ਕਹਾਣੀ : ਲਾਲਚ ਬੁਰੀ ਬਲਾ ਹੈ। | ਵਿਦਿਆਰਥੀਆਂ ਵਿੱਚ ਲਾਲਚ ਨਾ ਕਰਨ ਅਤੇ ਇਸ ਤੋਂ ਬਚਣ ਲਈ ਸਮੱਰਥਾ ਪੈਦਾ ਕਰਨਾ। | ਕਹਾਣੀ ਸਬੰਧੀ ਵਿਦਿਆਰਥੀਆਂ ਤੋਂ ਤਸਵੀਰਾਂ ਬਣਾਉਣਾ ਜਾਂ ਇਸ ਤਰ੍ਹਾਂ ਦੀ ਹੀ ਕੋਈ ਹੋਰ ਕਹਾਣੀ ਸੁਣਾਉਣ ਲਈ ਕਹਿਣਾ। |
| | ਕਹਾਣੀ :- ਹਕਾਰੀ ਬਾਰਾਸਿੰਗਾ | ਵਿਦਿਆਰਥੀਆਂ ਨੂੰ ਹੰਕਾਰ ਅਤੇ ਇਸ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ। | ਵਿਸ਼ੇ ਨਾਲ ਮਿਲਦੀ-ਜੁਲਦੀ ਕੋਈ ਹੋਰ ਕਹਾਣੀ ਸੁਣਾਉਣ ਲਈ ਕਹਿਣਾ। |
| | ਵਿਆਕਰਨ: ਵਿਸ਼ਰਾਮ ਚਿੰਨ | ਸ਼ੁੱਧ ਲਿਖਣ ਦੀ ਪ੍ਰੇਰਨਾ, ਸਦਕਾ ਵਿਸਰਾਮ ਚਿੰਨ੍ਹਾਂ ਦੀ ਪਹਿਚਾਣ ਅਤੇ ਵਰਤੋਂ ਕਰਨ ਦੀ ਯੋਗਤਾ ਪੈਦਾ ਕਰਨੀ। | ਵਿਸ਼ਰਾਮ ਚਿੰਨਾਂ ਦੀ ਤਿਆਰ ਸੂਚੀ ਵਿੱਚੋਂ ਦਿੱਤੇ ਵਾਕਾਂ ਵਿੱਚ ਢੁੱਕਵੇਂ ਵਿਸ਼ਰਾਮ ਚਿੰਨਾਂ ਦੀ |

| | | | |
|---|---|---|---|
| | | | ਵਰਤੋਂ ਦਾ ਅਭਿਆਸ ਕਰਵਾਉਣਾ। |
| | ਮੁਹਾਵਰੇ – 21 ਤੋਂ 30 ਤੱਕ (ਵਿਆਕਰਨ ਦੀ ਪਾਠ-ਪੁਸਤਕ ਵਿੱਚੋਂ) | ਮੁਹਾਵਰਿਆਂ ਦੇ ਢਕਵੇਂ ਅਰਥਾਂ ਦੇ ਸੰਦਰਭ ਤੱਕ ਜਾਣਾ ਅਤੇ ਵਿਹਾਰਿਕ ਜ਼ਿੰਦਗੀ ਵਿੱਚ ਮੁਹਾਵਰਿਆਂ ਨੂੰ ਵਰਤਣ ਦੀ ਸਮਰੱਥਾ ਪੈਦਾ ਕਰਨੀ। | ਪੜ੍ਹਾਏ ਮੁਹਾਵਰਿਆਂ ਦੀ ਵਰਤੋਂ ਲਈ ਭਿਨ-ਭਿੰਨ ਸਥਿਤੀਆਂ ਪੈਦਾ ਕਰਨੀਆਂ ਅਤੇ ਨਵੇਂ ਵਾਕ ਬਣਾਉਣ ਲਈ ਕਹਿਣਾ। |
| ਜਨਵਰੀ | ਪਾਠ-22<br>ਲੋਕ ਨਾਇਕ ਦਾ ਚਲਾਣਾ | ਵਿਦਿਆਰਥੀਆਂ ਨੂੰ ਪੰਡਤ ਜਵਾਹਰ ਲਾਲ ਨਹਿਰੂ ਦੀ ਮੌਤ ਤੇ ਲੋਕਾਂ ਨੂੰ ਪਹੁੰਚੇ ਸਦਮੇ ਦੀ ਜਾਣਕਾਰੀ ਦੇਣਾ। | ਪੰਡਤ ਨਹਿਰੂ ਦੀਆਂ ਵੱਖ-ਵੱਖ ਤਸਵੀਰਾ ਇਕੱਠੀਆਂ ਕਰਨ ਲਈ ਕਹਿਣਾ। |
| | ਪਾਠ – 23<br>ਹਾਕੀ ਖਿਡਾਰਨ; ਅਜਿੰਦਰ ਕੌਰ | ਵਿਦਿਆਰਥੀਆਂ ਅੰਦਰ ਖੇਡ ਭਾਵਨਾ ਪੈਦਾ ਕਰਨ ਦੇ ਨਾਲ-ਨਾਲ 'ਜੀਵਨੀ' ਨੂੰ ਸਮਝਣ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਕਿਸੇ ਵੀ ਪਸੰਦੀਦਾ ਖਿਡਾਰੀ ਬਾਰੇ ਲਿਖਣ ਲਈ ਪ੍ਰੇਰਿਤ ਕਰਨਾ। |
| | ਪਾਠ – 24<br>ਵੱਡੇ ਕੰਮ ਦੀ ਭਾਲ | ਭਾਈ ਘਨੱਈਆ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੇਵਾ ਭਾਵਨਾ ਪੈਦਾ ਕਰਨੀ, ਰੈਡ ਕਰਾਸ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਤੋਂ ਜਾਣੂ ਕਰਵਾਉਣਾ। | ਮੁੱਢਲੀ ਸਹਾਇਤਾ ਦਾ ਅਭਿਆਸ ਅਤੇ ਸਮਾਜ ਸੇਵਾ ਦੇ ਕੰਮ ਕਰਨ ਲਈ ਪ੍ਰੇਰਿਤ ਕਰਨਾ। |
| | ਲੇਖ – ਲੋਹੜੀ<br>26 ਜਨਵਰੀ- ਗਣਤੰਤਰ ਦਿਵਸ | ਵਿਦਿਆਰਥੀਆਂ ਨੂੰ ਲੋਹੜੀ ਅਤੇ ਗਣਤੰਤਰ ਦਿਵਸ ਬਾਰੇ ਜਾਣੂ ਕਰਵਾਉਣਾ। | ਵਿਦਿਆਰਥੀਆਂ ਵੱਲੋਂ ਮਨਾਏ ਗਏ ਲੋਹੜੀ ਦੇ ਤਿਉਹਾਰ ਨੂੰ ਆਪਣੇ ਸ਼ਬਦਾਂ ਵਿੱਚ ਲਿਖਣ ਲਈ ਕਹਿਣਾ। |
| | ਪੱਤਰ- ਭਰਾ ਦੇ ਵਿਆਹ ਲਈ ਦੋਸਤ ਨੂੰ ਸੱਦਾ-ਪੱਤਰ | ਚਿੱਠੀ ਪੱਤਰ ਰਾਹੀਂ ਵਿਦਿਆਰਥੀਆਂ ਨੂੰ ਉਹਨਾਂ ਦੇ ਅਨੁਭਵਾਂ ਨੂੰ ਲਿਖਤੀ ਰੂਪ ਦੇਣਾ। | ਹੋਰ ਵਿਸ਼ਿਆ ਨਾਲ ਸਬੰਧਿਤ ਪੱਤਰ ਲਿਖਣ ਲਈ ਕਹਿਣਾ। |
| | 1) ਲਿੰਗ<br>2) ਵਚਨ<br>3) ਮੁਹਾਵਰੇ 31 ਤੋਂ 40 ਤੱਕ | ਵਿਦਿਆਰਥੀਆਂ ਦੇ ਸ਼ਬਦ ਗਿਆਨ ਭੰਡਾਰ ਵਿੱਚ ਵਾਧਾ ਕਰਨਾ। | ਲਿੰਗ, ਵਚਨ ਅਤੇ ਮੁਹਾਵਰਿਆਂ ਨੂੰ ਆਪਣੇ ਤਰੀਕੇ ਨਾਲ ਬਣਾਉਣ ਲਈ ਕਹਿਣਾ। |
| ਫਰਵਰੀ | ਪਾਠ – 25<br>ਭਾਰਤ ਰਤਨ- ਡਾ. ਭੀਮ | ਡਾ. ਭੀਮ ਰਾਓ ਅੰਬੇਦਕਰ ਦੇ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਬੱਚਿਆਂ ਨੂੰ | ਵਿਦਿਆਰਥੀਆਂ ਨੂੰ ਡਾ. ਭੀਮ ਰਾਓ ਅੰਬੇਦਕਰ ਜੀ ਦੇ ਨਾਮ ਤੇ |

| | | | |
|---|---|---|---|
| | ਰਾਓ ਅੰਬੇਦਕਰ | ਮਿਹਨਤ ਨਾਲ ਉੱਚੇ ਅਹੁੱਦੇ ਤੱਕ ਪਹੁੰਚਣ ਦੀ ਪ੍ਰੇਰਨਾ ਦੇਣੀ। | ਚੱਲ ਰਹੇ ਵੱਖ -ਵੱਖ ਸੰਸਥਾਨਾਂ ਦੀ ਸੂਚੀ ਬਣਾਵਾਉਣ ਲਈ ਕਹਿਣਾ। |
| | ਪਾਠ- 26<br>ਫੁੱਲਾਂ ਦਾ ਸੁਨੇਹਾ | ਕਵਿਤਾ ਉਚਾਰਨ ਦੇ ਸਹੀ ਤਰੀਕੇ ਦੱਸਣਾ। | ਵੱਖ-ਵੱਖ ਤਰ੍ਹਾਂ ਦੇ ਫੁੱਲਾਂ ਦੀ ਸੂਚੀ ਬਣਾਉਣ ਲਈ ਕਹਿਣਾ |
| | ਲੇਖ - ਮੇਰੇ ਪਿਤਾ ਜੀ | ਮਾਤਾ-ਪਿਤਾ ਦੇ ਸਮਾਜਿਕ ਰੁਤਬੇ ਬਾਰੇ ਜਾਣੂ ਕਰਵਾਉਣਾ। | ਇਸੇ ਤਰ੍ਹਾਂ ਦੇ ਹੀ ਹੋਰ ਲੇਖ ਲਿਖਣ ਲਈ ਪ੍ਰੇਰਿਤ ਕਰਨਾ। |
| | ਬਿਨੈ-ਪੱਤਰ-<br>ਮੈਚ ਦੇਖਣ ਜਾਣ ਦੀ ਇਜ਼ਾਜਤ ਲੈਣ ਲਈ ਮੁੱਖ ਅਧਿਆਪਕ ਨੂੰ ਬਿਨੈ ਪੱਤਰ। | ਵਿਹਾਰਿਕ ਜ਼ਿੰਦਗੀ ਵਿੱਚ ਕਿਸੇ ਨੂੰ ਪੱਤਰ ਜਾਂ ਬਿਨੈ-ਪੱਤਰ ਲਿਖਣ ਦੀ ਕਾਬਲੀਅਤ ਪੈਦਾ ਕਰਨਾ | ਕਿਸੇ ਹੋਰ ਵਿਸ਼ੇ ਤੇ ਬਿਨੈ-ਪੱਤਰ ਲਿਖਣ ਲਈ ਕਹਿਣਾ। |
| | ਕਹਾਣੀ : ਸ਼ੇਰ ਤੇ ਚੂਹੀ | ਵਿਦਿਆਰਥੀਆਂ ਅੰਦਰ ਇਕਾਗਰ ਚਿੱਤ ਹੋ ਕੇ ਸੁਣਨ ਸਮਰੱਥਾ ਦੇ ਗੁਣਾਂ ਦਾ ਵਿਕਾਸ ਕਰਨਾ। | ਕੋਈ ਹੋਰ ਕਹਾਣੀ ਲਿਖਣ ਜਾਂ ਸੁਣਾਉਣ ਲਈ ਕਹਿਣਾ। |
| | ਵਿਆਕਰਨ : (1) ਸ਼ਬਦ ਜੋੜ<br>(ਸ਼ੁਧ-ਅਸ਼ੁੱਧ) | ਵਿਦਿਆਰਥੀਆਂ ਨੂੰ ਸ਼ੁੱਧ ਲਿਖਣ-ਪੜ੍ਹਨ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਕੁੱਝ ਅਸ਼ੁੱਧ ਸ਼ਬਦ ਦੇ ਕੇ ਉਹਨਾਂ ਨੂੰ ਸ਼ੁੱਧ ਕਰਨ ਲਈ ਕਹਿਣਾ। |